# ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ
## ਚੌਥੀ ਮੰਜਿਲ, ਈ-ਬਲਾਕ, ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਸ-8, ਮੋਹਾਲੀ
## (ਦਫ਼ਤਰੀ ਅਮਲਾ ਸ਼ਾਖਾ)

ਹੁਕਮ ਨੰਬਰ ਈ-614449/

ਮਿਤੀ, ਐਸ.ਏ.ਐਸ.ਨਗਰ-09-02-2024

ਸਿੱਖਿਆ ਵਿਭਾਗ, ਪੰਜਾਬ ਦੇ ਅਧੀਨ ਦਫ਼ਤਰਾਂ/ ਵਿੱਦਿਅਕ ਸੰਸਥਾਵਾਂ/ਸਕੂਲਾਂ ਵਿੱਚ ਕੰਮ ਕਰਦੇ ਦਰਜਾ-4 (ਦਸਵੀਂ ਪਾਸ) ਕਰਮਚਾਰੀਆਂ ਨੂੰ ਬਤੌਰ ਐਸ.ਐਲ.ਏ. ਦੀਆਂ ਅਸਾਮੀਆਂ ਵਿਰੁੱਧ **The Punjab Civil Service (Revised Pay) Rules, 2021 ਵਿੱਚ ਦਰਸਾਏ Schedule ਅਨੁਸਾਰ** ਤਤਕਾਲ ਸਮੇਂ ਤੋਂ ਪਦ-ਉੱਨਤ ਕੀਤਾ ਜਾਂਦਾ ਹੈ ਅਤੇ ਇਹਨਾਂ ਕਰਮਚਾਰੀਆਂ ਨੂੰ ਨਿਮਨ ਲਿਖਤ ਅਨੁਸਾਰ ਉਹਨਾਂ ਦੇ ਨਾਵਾਂ ਦੇ ਸਾਹਮਣੇ ਦਰਸਾਏ ਸਟੇਸ਼ਨਾਂ ਤੇ ਤਾਇਨਾਤ ਕੀਤਾ ਜਾਂਦਾ ਹੈ-

| Sr No | Seniority No. as per seniority list dated 20-08-2019 | Name | Father Name | Designation | Date of birth | School Name | District | Category | Alotted station (UDISE Code) | Remarks |
|---|---|---|---|---|---|---|---|---|---|---|
| | | | | | | | | | | |
| 1 | 41 | Jeevan singh | Harbhajan Singh | Peon | 12-03-1964 | GMS KHERABAD | AMRITSAR | BC (No disability) | School of Eminence Goindwal Sahib, Tarn taran (03190403103) | |
| 2 | 89 | DARSHAN SINGH | Bachi Ram | Chowkidar | 15-07-1965 | GSSS Chakohi | LUDHIANA | SC (No disability) | In sealed cover due to pending chargesheet | Against SC roster point |
| 3 | 102 | SHIV KUMAR | Suraj Bakash | Waterman | 01-07-1964 | GBHS GSSS KALA SANGHIAN | KAPURTHALA | GEN (No disability) | School of Eminence phagwara Kapurthala (03030411603) | |
| 4 | 115 | RAJINDER PAL | Des raj | Peon | 01-05-1965 | HR GURDASPUR (DEO_SE) | GURDASPUR | SC (No disability) | School of Eminence Pathankot (03220900902) | |
| 5 | 120 | Raghbir singh | Bant Singh | Workshop Attendant | 02-04-1966 | GSSS JAWAHAR NAGAR B | LUDHIANA | SC (No disability) | School of Eminence Jagraon, Ludhiana (03090308402) | |
| 6 | 121 | Gurdev chand | Bishan Dass | Workshop Attendant | 15-05-1964 | School of Eminence GSSS KAPURTHALA | KAPURTHALA | SC(R & O) (No disability) | School of Eminence tanda, Hoshiarpur (03051010401) | |
| 7 | 170 | Raj Rani | Mohan Lal | Library Attendant | 16-04-1964 | GMSSS Ladowali Road | JALANDHAR | SC (No disability) | School of Eminence Ladowali Road, Jalandhar (03040111409) | Against SC roster point |

| | | | | | | | | | | |
|---|---|---|---|---|---|---|---|---|---|---|
| 8 | 157 | Jaswinder Singh | Bishan Singh | Peon | 07-02-1966 | GSSS Himmatpur DHANOA | HOSHIARPUR | GEN (No disability) | School of Eminence Garshankar, Hoshiarpur (03050302801) | |
| 9 | 203 | MOHAN SINGH | Anokh Singh | Peon | 15-01-1968 | GHS MUKANDPUR | LUDHIANA | SC (No disability) | School of Eminence Samrala, Ludhiana (03091006303) | |
| 10 | 236 | Guru dutt | Dass Ram | Peon cum Chowkidar | 04-04-1968 | GSSS SUNAM (BOYS) | SANGRUR | SC (No disability) | School of Eminence Chhajli, Sangrur (03161200405) | Against SC roster point |

**ਨੋਟ ਨੰ ੦: ਸੀਨੀਆਰਤਾ ਨੰਬਰ 89 ਤੇ ਦਰਜ ਕਰਮਚਾਰੀ ਵਿਰੁੱਧ ਦੋਸ਼ ਸੂਚੀ ਪੈਂਡਿੰਗ ਹੋਣ ਕਾਰਨ ਸੀਲਡ ਕਵਰ ਵਿੱਚ ਰਖਿਆ ਗਿਆ ਹੈ।**

ਸ਼ਰਤਾਂ-

1. ਜਿਹੜੇ ਪਦਉਨੱਤ ਹੋਏ ਕਰਮਚਾਰੀ 59/60ਵੇਂ ਸਾਲ ਵਿੱਚ ਸੇਵਾ ਨਿਭਾ ਰਹੇ ਹਨ, ਉਹਨਾ ਕਰਮਚਾਰੀਆਂ ਦੀ ਪਦਉਨੱਤੀ ਬਤੌਰ ਐਸ.ਐਲ.ਏ. ਇਸ ਸ਼ਰਤ ਤਹਿਤ ਕੀਤੀ ਜਾਂਦੀ ਹੈ ਕਿ ਉਹ ਕਰਮਚਾਰੀ ਜਿਸ ਦਿਨ ਪਦ ਉਨੱਤੀ ਵਾਲੀ ਅਸਾਮੀ ਤੇ ਹਾਜਰ ਹੋਣਗੇ, ਉਸੇ ਦਿਨ ਹੀ ਰਿਟਾਇਰ ਹੋ ਜਾਣਗੇ।
2. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ, ਨਵੀਂ ਦਿੱਲੀ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਚਲਦੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲੇ ਦਾ ਇਹਨਾਂ ਪਦ ਉਨੱਤੀਆਂ ਤੇ ਅਸਰ ਹੋਵੇਗਾ।
3. ਦਰਜਾ ਚਾਰ (ਦਸਵੀ ਪਾਸ) ਦੀ ਸੀਨੀਆਰਤਾ ਸੂਚੀ ਵਿੱਚ ਜੇ ਕੋਈ ਬਦਲਾਅ ਆਉਂਦਾ ਹੈ ਤਾਂ ਇਹਨਾਂ ਪਦ-ਉਨੱਤੀਆਂ ਤੇ ਵੀ ਪ੍ਰਭਾਵ ਪਵੇਗਾ।
4. ਸਬੰਧਤ ਕਰਮਚਾਰੀ ਆਪਣੀ ਹਾਜਰੀ ਰਿਪੋਰਟ ਸਬੰਧਤ ਸੰਸਥਾਵਾਂ ਦੇ ਮੁੱਖੀਆਂ ਨੂੰ **15** ਦਿਨਾਂ ਦੇ ਅੰਦਰ ਅੰਦਰ ਪੇਸ਼ ਕਰਨਗੇ। ਹਾਜਰ ਨਾ ਹੋਣ ਦੀ ਸੂਰਤ ਵਿੱਚ ਉਹਨਾਂ ਨੂੰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ) ਨਿਯਮਾਂਵਲੀ 1994 ਦੇ ਨਿਯਮ 18 (2) ਅਧੀਨ ਅਗਲੇ ਦੋ ਸਾਲਾਂ ਲਈ ਪਦ ਉਨੱਤੀਆਂ ਤੇ ਡੀਬਾਰ ਕਰ ਦਿੱਤਾ ਜਾਵੇਗਾ।
5. ਪਦ-ਉਨੱਤ ਹੋਏ ਕਰਮਚਾਰੀਆਂ ਦਾ ਪ੍ਰੋਬੇਸ਼ਨ ਪੀਰੀਅਡ ਇੱਕ ਸਾਲ ਦਾ ਹੋਵੇਗਾ। ਪ੍ਰੋਬੇਸ਼ਨ ਪੀਰੀਅਡ ਦੇ ਸਮੇਂ ਦੌਰਾਨ ਕਰਮਚਾਰੀਆਂ ਦਾ ਕੰਮ ਅਤੇ ਆਚਰਨ ਤਸੱਲੀਬਖਸ਼ ਨਾ ਪਾਏ ਜਾਣ ਤੇ ਪ੍ਰੋਬੇਸ਼ਨ ਪੀਰੀਅਡ ਸਮੇਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ।
6. ਇਹਨਾ ਹੁਕਮਾਂ ਵਿੱਚ ਜੋ ਕਰਮਚਾਰੀ ਬਤੌਰ ਐਸ.ਐਲ.ਏ. ਪਦ ਉਨੱਤ ਹੋਏ ਹਨ, ਉਹਨਾਂ ਨੂੰ ਜਿਸ ਸਕੂਲ ਵਿੱਚ ਸਾਇੰਸ ਵਿਸ਼ੇ ਦੇ ਵਿਦਿਆਰਥੀ ਨਹੀ ਹਨ ਜਾਂ ਸਕੂਲ ਵਿੱਚ ਸਾਇੰਸ ਗਰੁੱਪ ਡੈੱਡ ਹੈ ਤਾਂ ਪਦ ਉਨੱਤ ਹੋਏ ਕਰਮਚਾਰੀਆਂ ਨੂੰ ਉਨਾਂ ਸਕੂਲਾਂ ਵਿੱਚ ਜੁਆਇੰਨ ਨਾ ਕਰਾਇਆ ਜਾਵੇ।
7. Punjab Education Department Ministerial and Non-Teaching Staff (Subordinate Offices), Group C Services Rules, 2018 and Punjab Education Department Ministerial and Non-Teaching Staff (Border Area Cadre) Group C Service Rules, 2018 ਦੇ ਨਿਯਮ-7 ਵਿੱਚ ਕੀਤੇ ਉਪਬੰਧ ਅਨੁਸਾਰ ਉਮੀਦਵਾਰ ਨੂੰ ਪਦ-ਉਨੱਤੀ ਦੀ ਮਿਤੀ ਤੋਂ ਦੋ ਸਾਲਾਂ ਦੇ ਅੰਦਰ ਅੰਦਰ ਵਿਭਾਗ ਵੱਲੋਂ ਲਈ ਜਾਣ ਵਾਲੀ ਵਿਭਾਗੀ ਪ੍ਰੀਖਿਆ ਪਾਸ ਕਰਨੀ ਹੋਵੇਗੀ ਅਤੇ ਅਜਿਹੀ ਪ੍ਰੀਖਿਆ ਪਾਸ ਕਰਨ ਉਪਰੰਤ ਹੀ ਉਸਨੂੰ ਸਲਾਨਾ ਤਰੱਕੀਆਂ ਦਾ ਲਾਭ ਮਿਲਣਯੋਗ ਹੋਵੇਗਾ।

**ਨੋਟ: ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ (ਐਸਿ/ ਸੈਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪਦ ਉਨਤ ਕੀਤੇ ਕਰਮਚਾਰੀਆਂ ਨੂੰ ਬਤੌਰ ਐਸ.ਐਲ.ਏ ਹਾਜਰ ਕਰਵਾਉਣ ਤੋਂ ਪਹਿਲਾ ਇਹਨਾ ਕਰਮਚਾਰੀਆ ਦਾ ਦਸਵੀ ਕਲਾਸ ਵਿੱਚ ਪੰਜਾਬੀ ਪਾਸ ਅਤੇ ਜੋ ਐਸ.ਐਲ.ਏ ਦੀ ਪਦ-ਉਨਤੀ ਲਈ ਪਦ ਉਨਤ ਕੀਤੇ ਗਏ ਹਨ ਦੇ**

**ਕੇਸਾ ਵਿੱਚ ਦਸਵੀਂ ਵਿੱਚ ਸਾਇੰਸ ਵਿਸ਼ਾ ਪਾਸ ਹੋਣਾ ਜਰੂਰੀ ਹੈ। ਜੇਕਰ ਯੋਗ ਕਰਮਚਾਰੀ ਸਾਇੰਸ ਵਿਸ਼ਾ ਪਾਸ ਨਹੀ ਹੈ ਤਾਂ ਉਸ ਕਰਮਚਾਰੀ ਨੂੰ ਐਸ.ਐਲ.ਏ ਦੀ ਅਸਾਮੀ ਤੇ ਹਾਜ਼ਰ ਨਾ ਕਰਵਾਇਆ ਜਾਵੇ ਅਤੇ ਇਸ ਦਫਤਰ ਨੂੰ ਤੁਰੰਤ ਸੂਚਿਤ ਕੀਤਾ ਜਾਵੇ। ਸਬੰਧਤ ਪਦ ਉਨਤ ਕੀਤੇ ਕਰਮਚਾਰੀ ਦੀਆਂ ਪਿਛਲੇ ਪੰਜ ਸਾਲਾਂ ਦੀਆਂ ਅਸਲ ਸਾਲਾਨਾਂ ਗੁਪਤ ਰਿਪੋਰਟਾਂ ਚੈਕ ਕੀਤੀਆਂ ਜਾਣ ਅਤੇ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਪਦਉਨਤ ਕਰਮਚਾਰੀਆਂ ਵਿਰੁੱਧ ਕੋਈ ਸ਼ਿਕਾਇਤ/ਪੜਤਾਲ/ਦੋਸ਼ ਸੂਚੀ/ਵਿਜੀਲੈਂਸ ਕੇਸ/ ਵਿਦੇਸ਼ ਦੀ ਪੀ.ਆਰ ਨਾਂ ਹੋਵੇ। ਅੰਗਹੀਣ ਸਰਟੀਫਿਕੇਟ ਸਬੰਧਤ ਸਿਵਲ ਸਰਜਨ ਤੋਂ ਜਾਰੀ ਕੀਤਾ ਗਿਆ ਹੋਵੇ। ਕਰਮਚਾਰੀਆਂ ਨੂੰ ਹਾਜਰ ਕਰਵਾਉਣ ਉਪਰੰਤ ਸਬੰਧਤ ਜਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਸਰਟੀਫਿਕੇਟ ਦਿੱਤਾ ਜਾਵੇਗਾ ਕਿ ਕਰਮਚਾਰੀਆਂ ਦਾ ਅਸਲ ਸੇਵਾ ਰਿਕਾਰਡ ਚੈਕ ਕਰ ਲਿਆ ਹੈ। ਜੋ ਕਰਮਚਾਰੀ ਉਪਰੋਕਤ ਸ਼ਰਤਾਂ ਪੂਰੀਆਂ ਨਹੀ ਕਰਦੇ, ਉਹਨਾਂ ਦੇ ਨਾਮ ਡਾਇਰੈਕਟੋਰੇਟ ਨੂੰ ਬੈਕ ਰੈਫਰ ਕੀਤੇ ਜਾਣ ਅਤੇ ਯੋਗ ਉਮੀਦਵਾਰਾਂ ਨੂੰ ਹਾਜਰ ਕਰਵਾਉਣ ਉਪਰੰਤ ਹਾਜਰੀ ਰਿਪੋਰਟ ਮੁੱਖ ਦਫਤਰ ਨੂੰ ਭੇਜ ਦਿੱਤੀ ਜਾਵੇ। ਇਸ ਸਬੰਧੀ ਨਿਰੋਲ ਜਿੰਮੇਵਾਰੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਦੀ ਹੋਵੇਗੀ।**

ਪਰਮਜੀਤ ਸਿੰਘ
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਪਿੱਠ ਅੰਕਣ ਨੰਬਰ- ਉਕਤ 202443115 ਮਿਤੀ, ਸਅਸ ਨਗਰ 14.02.2024

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਪੀ.ਏ. ਟੂ ਡਾਇਰੈਕਟਰ, ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ/ ਐਸਿ), ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਪਦ ਉਨੱਤ ਹੋਏ ਕਰਮਚਾਰੀਆਂ ਦਾ ਸਰਵਿਸ ਰਿਕਾਰਡ ਅਤੇ ਵੇਰਵੇ ਆਪਣੇ ਪੱਧਰ ਤੇ ਵੀ ਚੈੱਕ ਕਰ ਲਏ ਜਾਣ ਅਤੇ ਜਿਹੜੇ ਕਰਮਚਾਰੀ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਆਪਣੀ ਹਾਜਰੀ ਰਿਪੋਰਟ ਨਹੀ ਦਿੰਦੇ ਉਹਨਾਂ ਦੀ ਸੂਚੀ, ਹਾਜਰੀ ਸਮਾਂ ਖਤਮ ਹੋਂਦੇ ਹੀ 2 ਦਿਨ ਦੇ ਅੰਦਰ ਅੰਦਰ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਇਆ ਜਾਵੇ।
3. ਸਬੰਧਤ ਸੰਸਥਾਵਾਂ ਦੇ ਮੁੱਖੀ।
4. ਸਬੰਧਤ ਕਰਮਚਾਰੀ।

ਸਹਾਇਕ ਡਾਇਰੈਕਟਰ (ਦਫ਼ਤਰੀ ਅਮਲਾ ਸ਼ਾਖਾ)